Washington State Health Care Authority

Washington State Department of Social & Health Services
Transforming lives

# ਵਾਸ਼ਿੰਗਟਨ ਐਪਲ ਹੈਲਥ
# ਪ੍ਰਸ਼ਾਸਨਿਕ ਸੁਣਵਾਈ ਦੇ ਹੱਕ ਅਤੇ ਆਖਰੀ ਮਿਤੀਆਂ

### Washington Apple Health Administrative Hearing Rights and Deadlines

ਜੇ ਤੁਸੀਂ ਸਾਡੇ ਫੈਸਲੇ ਦੇ ਨਾਲ ਸਹਿਮਤ ਨਹੀਂ ਹੋ ਜਿਸ ਨੇ ਤੁਹਾਡੀ ਵਾਸ਼ਿੰਗਟਨ ਐਪਲ ਹੈਲਥ ਕਵਰੇਜ ਨੂੰ ਮਨ੍ਹਾਂ ਕੀਤਾ ਹੈ, ਸਮਾਪਤ ਕੀਤਾ ਹੈ, ਜਾਂ ਬਦਲਿਆ ਹੈ, ਤਾਂ ਤੁਹਾਨੂੰ ਪ੍ਰਸ਼ਾਸਨਿਕ ਸੁਣਵਾਈ ਦਾ ਹੱਕ ਹੈ।

- ਸੁਣਵਾਈ ਦੀ ਬੇਨਤੀ ਕਰਨ ਲਈ ਤੁਹਾਡੇ ਕੋਲ ਇਸ ਨੋਟਿਸ ਵਿੱਚ ਸਭ ਤੋਂ ਉੱਪਰ ਦਿੱਤੀ ਮਿਤੀ ਤੋਂ 90 ਦਿਨ ਦਾ ਸਮਾਂ ਹੈ। ਜੇ ਤੁਸੀਂ 90 ਦਿਨਾਂ ਦੇ ਅੰਦਰ ਸੁਣਵਾਈ ਲਈ ਬੇਨਤੀ ਨਹੀਂ ਕਰਦੇ ਹੋ, ਤਾਂ ਤੁਸੀਂ ਸੁਣਵਾਈ ਦਾ ਹੱਕ ਗੁਆ ਸਕਦੇ ਹੋ।
- ਜੇ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਤੁਸੀਂ ਆਪਣੀ ਕਵਰੇਜ ਨੂੰ ਰੱਖਣਾ ਚਾਹੁੰਦੇ ਹੋ, ਤਾਂ ਹੇਠਾਂ **ਪ੍ਰਸ਼ਾਸਨਿਕ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਜਾਰੀ ਕਵਰੇਜ** ਦੇਖੋ।
- ਤੁਸੀਂ ਵਾਸ਼ਿੰਗਟਨ ਐਡਮਿਨਿਸਟ੍ਰੇਟਿਵ ਕੋਡ (WAC), ਦੇ ਚੈਪਟਰ 182-526 ਵਿੱਚ ਸੁਣਵਾਈ ਦੇ ਨਿਯਮ ਦੇਖ ਸਕਦੇ ਹੋ।
- ਜੇ ਤੁਹਾਡੀ ਕਵਰੇਜ ਨੂੰ ਰਾਜ ਜਾਂ ਸੰਘੀ ਕਨੂੰਨ ਵਿੱਚ ਤਬਦੀਲੀ ਦੇ ਕਾਰਨ ਮਨ੍ਹਾਂ ਕੀਤਾ, ਸਮਾਪਤ ਕੀਤਾ, ਜਾਂ ਬਦਲਿਆ ਗਿਆ ਹੈ ਅਤੇ ਇਹ ਤਬਦੀਲੀ ਆਪਣੇ-ਆਪ ਹੀ ਪ੍ਰੋਗਰਾਮ ਵਿੱਚ ਦਾਖਲ ਕੀਤੇ ਗਏ ਸਾਰੇ ਲੋਕਾਂ ਨੂੰ ਇੱਕੋ ਤਰ੍ਹਾਂ ਨਾਲ ਪ੍ਰਭਾਵਿਤ ਕਰਦੀ ਹੈ ਤਾਂ ਹੋ ਸਕਦਾ ਹੈ ਤੁਹਾਡੇ ਕੋਲ ਸੁਣਵਾਈ ਦਾ ਹੱਕ ਨਾ ਹੋਵੇ (RCW 74.09.741(3))।
- ਜੇ ਤੁਹਾਡੀ ਫੌਰੀ ਸਿਹਤ ਸੰਭਾਲ ਲੋੜ ਹੈ, ਤਾਂ ਤੁਸੀਂ ਤੇਜ਼ੀ ਨਾਲ ਸੁਣਵਾਈ ਦੀ ਬੇਨਤੀ ਕਰ ਸਕਦੇ ਹੋ ਅਤੇ ਲਾਜ਼ਮੀ ਲੋੜ ਦਾ ਮੈਡੀਕਲ ਸਬੂਤ ਦਾਖ਼ਲ ਕਰੋ। ਤੁਹਾਡੀ ਸੁਣਵਾਈ ਤੇਜ਼ੀ ਨਾਲ ਕਰਨ ਦਾ ਫੈਸਲਾ ਜੱਜ ਕਰੇਗਾ। ਜੇ ਤੁਸੀਂ ਲਗਾਤਾਰ ਕਵਰੇਜ ਹਾਸਲ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਤੇਜ਼ੀ ਨਾਲ ਸੁਣਵਾਈ ਨਾ ਮਿਲੇ।

ਜੇ ਤੁਸੀਂ ਘੱਟ-ਆਮਦਨੀ ਵਾਲੇ ਹੋ ਤਾਂ, ਕੋਆਰਡੀਨੇਟਿਡ ਲੀਗਲ ਐਜੂਕੇਸ਼ਨ ਅਡਵਾਇਸ ਐਂਡ ਰੈਫਰਲ (CLEAR) ਮੁਫ਼ਤ ਕਾਨੂੰਨੀ ਸਹਾਇਤਾ ਲੱਭਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ। ਤੁਸੀਂ http://nwjustice.org/clear-online 'ਤੇ ਦਰਖਾਸਤ ਦੇ ਸਕਦੇ ਹੋ, ਜਾਂ:

- ਜੇ 60 ਸਾਲ ਤੋਂ ਘੱਟ ਦੀ ਉਮਰ ਹੈ, ਤਾਂ CLEAR ਨੂੰ 1-888-201-1014 'ਤੇ ਫੋਨ ਕਰੋ।
- ਜੇ 60 ਸਾਲ ਜਾਂ ਵੱਧ ਦੀ ਉਮਰ ਹੈ, ਤਾਂ CLEAR ਸੀਨੀਅਰ ਨੂੰ 1-888-387-7111 'ਤੇ ਫੋਨ ਕਰੋ।

## ਪ੍ਰਸ਼ਾਸਨਿਕ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਜਾਰੀ ਕਵਰੇਜ

- ਜੇ ਤੁਹਾਡਾ ਨੋਟਿਸ ਕਹਿੰਦਾ ਹੈ ਕਿ ਅਸੀਂ ਤੁਹਾਡੀ Washington Apple Health coverage (ਵਾਸ਼ਿੰਗਟਨ ਐਪਲ ਹੈਲਥ ਕਵਰੇਜ) ਜਾਂ ਤੁਹਾਡੀਆਂ ਪਹਿਲਾਂ ਤੋਂ ਅਧਿਕਾਰਤ ਕੀਤੀਆਂ ਗਈਆਂ ਸੇਵਾਵਾਂ ਨੂੰ ਸਮਾਪਤ ਕਰਾਂਗੇ, ਮੁਲਤਵੀ ਕਰਾਂਗੇ ਜਾਂ ਘਟਾਵਾਂਗੇ ਤਾਂ ਤੁਸੀਂ ਸੁਣਵਾਈ ਦੀ ਪ੍ਰਕਿਰਿਆ ਦੇ ਦੌਰਾਨ ਆਪਣੀ ਕਵਰੇਜ ਰੱਖ ਸਕਦੇ ਹੋ।
- ਆਪਣੀ ਕਵਰੇਜ ਨੂੰ ਰੱਖਣ ਲਈ, ਤੁਹਾਨੂੰ ਸਾਡੇ ਵੱਲੋਂ ਇਹ ਕਾਰਵਾਈ ਦਾ ਨੋਟਿਸ ਭੇਜੇ ਜਾਣ ਦੇ 10ਵੇਂ ਦਿਨ ਤੋਂ ਪਹਿਲਾਂ ਜਾਂ ਉਸ ਮਹੀਨੇ ਜਦੋਂ ਕਾਰਵਾਈ ਹੋਣੀ ਤੋਂ ਪਹਿਲੇ ਮਹੀਨੇ ਦੇ ਆਖਰੀ ਦਿਨ ਤੱਕ ਸੁਣਵਾਈ ਦੀ ਮੰਗ ਕਰਨੀ ਚਾਹੀਦੀ ਹੈ।
- ਜੇ ਤੁਹਾਨੂੰ ਜਾਰੀ ਕਵਰੇਜ ਜਾਂ ਸੇਵਾ ਮਿਲਦੀ ਹੈ ਅਤੇ ਤੁਸੀਂ ਸੁਣਵਾਈ ਵਿੱਚ ਹਾਰ ਜਾਂਦੇ ਹੋ, ਤਾਂ ਤੁਹਾਨੂੰ 60 ਤਕ ਦਿਨਾਂ ਦੀ ਜਾਰੀ ਕਵਰੇਜ ਜਾਂ ਸੇਵਾਵਾਂ ਦਾ ਵਾਪਸੀ ਭੁਗਤਾਨ ਕਰਨਾ ਪੈ ਸਕਦਾ ਹੈ (ਦੇਖੋ WAC 182-504-0130)।
- ਤੁਸੀਂ ਆਪਣੀ ਵਾਸ਼ਿੰਗਟਨ ਐਪਲ ਹੈਲਥ ਦੀ ਦਰਖਾਸਤ ਨੂੰ ਮਨ੍ਹਾਂ ਕੀਤੇ ਜਾਣ ਨੂੰ ਚੁਣੌਤੀ ਦੇਣ ਲਈ ਸੁਣਵਾਈ ਦੀ ਉਡੀਕ ਕਰਦੇ ਸਮੇਂ ਕਵਰੇਜ ਪ੍ਰਾਪਤ ਨਹੀਂ ਕਰ ਸਕਦੇ ਹੋ।

## ਪ੍ਰਸ਼ਾਸਨਿਕ ਸੁਣਵਾਈ ਲਈ ਬੇਨਤੀ ਕਰਨੀ

ਪ੍ਰਸ਼ਾਸਨਿਕ ਸੁਣਵਾਈ ਲਈ ਬੇਨਤੀ ਕਰਨ ਵਾਸਤੇ, ਜਾਂ ਜੇ ਤੁਹਾਨੂੰ ਸੁਣਵਾਈ ਵਾਸਤੇ ਬੇਨਤੀ ਕਰਨ ਲਈ ਕਿਸੇ ਦੁਭਾਸ਼ੀਏ ਜਾਂ ਕਿਸੇ ਹੋਰ ਮਦਦ ਦੀ ਲੋੜ ਹੈ, ਤਾਂ ਹੇਠਾਂ ਦਿੱਤਿਆਂ ਵਿੱਚੋਂ ਇੱਕ ਕਰੋ:

- Community Services Office (ਕਮਿਊਨਿਟੀ ਸਰਵਿਸਿਜ਼ ਆਫਿਸ) ਦੇ ਕਸਟਮਰ ਸਰਵਿਸ ਸੈਂਟਰ ਨੂੰ 1-877-501-2233 'ਤੇ ਕਾਲ ਕਰੋ ਜਾਂ ਆਪਣੇ ਸਥਾਨਕ ਹੋਮ ਐਂਡ ਕਮਿਊਨਿਟੀ ਸਰਵਿਸ (HCS) ਦੇ ਆਫਿਸ ਨੂੰ ਕਾਲ ਕਰੋ।
- LTC Specialty Unit (ਐਲਟੀਸੀ ਸਪੈਸ਼ਿਐਲਿਟੀ ਯੂਨਿਟ) ਨੂੰ 1-855-873-0642 'ਤੇ ਜਾਂ ਆਪਣੇ ਸਥਾਨਕ ਡਿਵੈਲਪਮੈਂਟਲ ਡਿਸਏਬਿਲਿਟੀਜ਼ ਐਡਮਿਨਿਸਟ੍ਰੇਸ਼ਨ (DDA) ਦੇ ਆਫਿਸ ਨੂੰ ਕਾਲ ਕਰੋ।
- ਚਿੱਠੀ ਲਿਖੋ ਜਾਂ ਪ੍ਰਸ਼ਾਸਨਿਕ ਸੁਣਵਾਈ ਲਈ ਬੇਨਤੀ ਦਾ ਫਾਰਮ HCA 12-507 ਭਰੋ (ਜੋ www.hca.wa.gov/apple-health-client-forms) 'ਤੇ ਮਿਲ ਸਕਦਾ ਹੈ) ਅਤੇ

  1-888-338-7410 'ਤੇ ਫੈਕਸ ਕਰੋ; ਜਾਂ

  ਡਾਕ ਰਾਹੀਂ ਭੇਜੋ: CSD Customer Service Center PO Box 11699 Tacoma, WA 98411-6699

ਜੇ ਤੁਹਾਨੂੰ ਨਹੀਂ ਪਤਾ ਕਿ ਕਿਸ ਨਾਲ ਸੰਪਰਕ ਕਰਨਾ ਹੈ, ਤਾਂ ਇਸ ਪੱਤਰ ਦੇ ਪਹਿਲੇ ਸਫੇ ਉਤੇ ਦਿੱਤੇ ਨੰਬਰ ਉਤੇ ਕਾਲ ਕਰੋ। ਅਸੀਂ ਤੁਹਾਡੇ ਕੇਸ ਦੀ ਸਮੀਖਿਆ ਕਰਾਂਗੇ ਅਤੇ ਸੁਣਵਾਈ ਤੋਂ ਪਹਿਲਾਂ ਮੁੱਦੇ ਨੂੰ ਹੱਲ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਾਂਗੇ।